Prepp
Your Personal Exams Guide

Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# FSC-26-II

## प्रश्न-पत्र-II / PAPER-II
## पंजाबी भाषा परिशिष्ट
## Punjabi Language Supplement
## भाग-IV & V / PART-IV & V

मुख्य परीक्षा पुस्तिका संख्या / Main Test Booklet No.

मुख्य परीक्षा पुस्तिका कोड / Main Test Booklet Code
**J**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं OMR उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **J**। यह सुनिश्चित कर लें कि इस भाषा परिशिष्ट पुस्तिका का संकेत, OMR उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/marking responses in the OMR Answer Sheet.
5. The CODE for this Language Booklet is **J**. Make sure that the CODE printed on **Side-2** of the OMR Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :

अनुक्रमांक : (अंकों में) / Roll Number : in figures ____________________
: शब्दों में / in words ____________________

परीक्षा केन्द्र (बड़े अक्षरों में) : ____________________
Centre of Examination (in Capitals) :

परीक्षार्थी के हस्ताक्षर : ____________________ निरीक्षक के हस्ताक्षर : ____________________
Candidate's Signature : Invigilator's Signature :

Facsimile Signature Stamp of
Centre Superintendent : ____________________

Prepp
Your Personal Exams Guide

Language Code : **15**

इस ਪੁਸਤਿਕਾ ਵਿੱਚ 16 ਪੰਨੇ ਹਨ।

# FSC-26-II

**ਪੇਪਰ-II**

**ਪੰਜਾਬੀ ਭਾਸ਼ਾ ਪੂਰਕ**

**ਭਾਗ IV & V**

**ਪਰੀਖਿਆ ਪੁਸਤਿਕਾ ਸੰਕੇਤ**

**J**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀ ਅਲਗ ਤੋਂ ਮੰਗ ਸਕਦੇ ਹੋ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ OMR ਉੱਤਰ-ਪੱਤਰ 'ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **J**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, OMR ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਨਿਸ਼ਠ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:

   ਭਾਗ IV : ਭਾਸ਼ਾ I – (ਪੰਜਾਬੀ) (ਪ੍ਰ. 91 ਤੋਂ ਪ੍ਰ. 120)

   ਭਾਗ V : ਭਾਸ਼ਾ II – (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅੱਖਰਾਂ ਵਿੱਚ) : ____________________

ਰੋਲ ਨੰਬਰ : ਅੰਕਾਂ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅੱਖਰਾਂ ਵਿੱਚ): ____________________

ਪਰੀਖਿਆਰਥੀ ਦੇ ਦਸਤਖ਼ਤ : ______________ ਨਿਰੀਖਿਅਕ ਦੇ ਦਸਤਖ਼ਤ : ______________

Facsimile signature stamp of

Centre Superintendent : ____________________

Prepp
Your Personal Exams Guide

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI** as **Language-I** only.

Prepp
Your Personal Exams Guide

## PART-IV

## LANGUAGE-I

## PUNJABI

| ਉਮੀਦਵਾਰ **ਭਾਗ-IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ। |
|---|

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (91-99) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :**

ਏਕਾਰਥ ਕਾਵਿ ਪ੍ਰਬੰਧ-ਕਾਵਿ ਦੀ ਇਕ ਕਿਸਮ ਹੈ। ਇਹ ਆਕਾਰ ਪੱਖੋਂ ਮਹਾ-ਕਾਵਿ ਅਤੇ ਖੰਡ-ਕਾਵਿ ਦੇ ਦਰਮਿਆਨ ਵੀ ਰਚਨਾ ਹੁੰਦੀ ਹੈ। ਇਸ ਵੱਲ ਸਭ ਤੋਂ ਪਹਿਲਾਂ ਵਿਸ਼ਵਨਾਥ ਨੇ 'ਸਾਹਿਤਯ ਦਰਪਣ' ਵਿਚ ਸੰਕੇਤ ਕੀਤਾ ਸੀ। ਪਰੰਤੂ ਇਸ ਦਾ ਨਾਮਕਰਣ ਆਚਾਰਯ ਵਿਸ਼ਵ ਨਾਥ ਪ੍ਰਸਾਦ ਮਿਸ਼ਰ ਨੇ ਆਪਣੀ ਪੁਸਤਕ 'ਵਾਂਗਮਯ ਵਿਮਰਸ਼' ਵਿਚ ਕੀਤਾ ਸੀ। ਮਹਾ-ਕਾਵਿ ਵਿਚ ਨਾਇਕ ਦਾ ਸਮੁੱਚਾ ਜੀਵਨ ਆ ਜਾਂਦਾ ਹੈ ਅਤੇ ਸਮੁੱਚੇ ਜੀਵਨ ਵਿਚ ਅਰਥ ਦੀ ਵੰਨਸੁਵੰਨਤਾ ਦਾ ਹੋਣਾ ਲਾਜ਼ਮੀ ਹੈ। ਪਰੰਤੂ ਏਕਾਰਥ ਕਾਵਿ ਵਿਚ ਨਾਇਕ ਦੇ ਜੀਵਨ ਦਾ ਓਨਾ ਭਾਗ ਹੀ ਹੁੰਦਾ ਹੈ ਜਿੰਨਾ ਕਿਸੇ ਵਿਸ਼ੇਸ਼ ਅਰਥ ਦੀ ਸਿੱਧੀ ਲਈ ਲੋੜੀਂਦਾ ਹੋਵੇ। ਭਾਵੇਂ ਏਕਾਰਥ ਕਾਵਿ ਸਰਗ ਯੁਕਤ ਹੁੰਦਾ ਹੈ ਫਿਰ ਵੀ ਇਸ ਵਿਚ ਸਾਰੀਆਂ ਸੰਧੀਆਂ ਅਤੇ ਸਾਰੇ ਰਸ ਨਹੀਂ ਪਾਏ ਜਾਂਦੇ। ਵਧੇਰੇ ਤੌਰ 'ਤੇ ਇਸ ਵਿਚ ਛੰਦ ਵੀ ਇਕੋ ਹੀ ਹੁੰਦਾ ਹੈ। ਹਿੰਦੀ ਵਿਚ ਬਾਲ ਕ੍ਰਿਸ਼ਨ ਸ਼ਰਮਾ ਨਵੀਨ ਦੀ 'ਉਰਮਿਲਾ' 'ਤੇ ਸੂਰਯ ਦੇਵ ਮਿਸ਼ਰ ਦੀ 'ਧਰੁਵ ਚਰਿਤ੍ਰ' ਏਕਾਰਥ ਕਾਵਿ ਦੇ ਢੁੱਕਵੇਂ ਉਦਾਹਰਣ ਹਨ। ਭਾਈ ਵੀਰ ਸਿੰਘ ਦੀ ਪ੍ਰਸਿੱਧ ਕਾਵਿ ਕ੍ਰਿਤ 'ਰਾਣਾ' ਸੂਰਤ ਸਿੰਘ ਵੀ ਇਸੇ ਕੋਟੀ ਵਿਚ ਆਉਂਦੀ ਹੈ।

**91.** 'ਇਸ ਵਿਚ ਸਾਰੇ ਰਸ ਨਹੀਂ ਪਾਏ ਜਾਂਦੇ।'ਇਸ ਵਾਕ ਵਿਚ 'ਸਾਰੇ' ਸ਼ਬਦ ਦੀ ਵਿਆਕਰਣਕ ਪਛਾਣ ਹੈ :
(1) ਪੜਨਾਂਵ (2) ਵਿਸ਼ੇਸ਼ਣ (3) ਕਿਰਿਆ ਵਿਸ਼ੇਸ਼ਣ (4) ਨਾਂਵ

**92.** ਏਕਾਰਥ ਕਾਵਿ ਬਾਰੇ ਸਭ ਤੋਂ ਪਹਿਲਾਂ ਕਿਸ ਆਚਾਰੀਆ ਨੇ ਸੰਕੇਤ ਕੀਤਾ ਸੀ ?
(1) ਆਚਾਰੀਆ ਭਰਤਮੁਨੀ (2) ਆਚਾਰੀਆ ਮੰਮਟ
(3) ਆਚਾਰੀਆ ਜਗਨਨਾਥ (4) ਆਚਾਰੀਆ ਵਿਸ਼ਵਨਾਥ

**93.** ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਏਕਾਰਥ ਕਾਵਿ ਬਾਰੇ ਸਹੀ ਨਹੀਂ ਹੈ ?
(1) ਏਕਾਰਥ ਕਾਵਿ ਸਰਗ ਯੁਕਤ ਹੁੰਦਾ ਹੈ।
(2) ਏਕਾਰਥ ਕਾਵਿ ਮੁਕਤਕ ਕਾਵਿ ਦੀ ਇਕ ਕਿਸਮ ਹੈ।
(3) ਏਕਾਰਥ ਕਾਵਿ ਵਿਚ ਸਰਗ ਦੀਆਂ ਸਾਰੀਆਂ ਸੰਧੀਆਂ ਮੌਜੂਦ ਨਹੀਂ ਹੁੰਦੀਆਂ ।
(4) ਵਧੇਰੇ ਤੌਰ 'ਤੇ ਏਕਾਰਥ ਕਾਵਿ ਵਿਚ ਇਕੋ ਛੰਦ ਹੀ ਹੁੰਦਾ ਹੈ।

**94.** ਏਕਾਰਥ ਕਾਵਿ ਦੀ ਹੇਠ ਲਿਖਿਆਂ ਵਿਚੋਂ ਕਿਹੜੀ ਢੁੱਕਵੀਂ ਉਦਾਹਰਨ ਹੈ ?
(1) ਮਹਾਭਾਰਤ (2) ਰਾਮਾਇਣ (3) ਨਾਨਕਾਇਣ (4) ਧਰੁਵ ਚਰਿਤ੍ਰ

**95.** ਹੇਠ ਲਿਖਿਆਂ ਵਿਚੋਂ ਕਿਹੜਾ ਨਾਂਵ ਸ਼੍ਰੇਣੀ ਦਾ ਸ਼ਬਦ ਨਹੀਂ ਹੈ ?
(1) ਜੀਵਨ (2) ਮਹਾਂਕਾਵਿ (3) ਇਹ (4) ਆਕਾਰ

**96.** ਪੰਜਾਬੀ ਦੀ ਕਿਹੜੀ ਕ੍ਰਿਤ ਏਕਾਰਥ ਕਾਵਿ ਦੀ ਕੋਟੀ ਵਿਚ ਆਉਂਦੀ ਹੈ ?
(1) ਰਾਣਾ ਸੂਰਤ ਸਿੰਘ (2) ਸੁੰਦਰੀ (3) ਬਿਜੈ ਸਿੰਘ (4) ਬਾਬਾ ਨੌਧ ਸਿੰਘ

**97.** ਏਕਾਰਥ ਕਾਵਿ ਦਾ ਨਾਮਕਰਨ ਕਿਸ ਪੁਸਤਕ ਵਿਚ ਕੀਤਾ ਮਿਲਦਾ ਹੈ ?
(1) ਜਵਯਲੰਕਾਰ (2) ਨਾਟਯਸ਼ਾਸਤਰ
(3) ਵਾਗਮਯ ਵਿਮਰਸ਼ (4) ਸਾਹਿਤਯ ਦਰਪਣ

Prepp
Your Personal Exams Guide

98. ਪੈਰ੍ਹੇ ਵਿਚ ਪੇਸ਼ ਸੰਦਰਭ ਦੇ ਆਧਾਰ 'ਤੇ ਦੱਸੋ ਕਿ 'ਸਿੱਧੀ' ਦਾ ਕੀ ਅਰਥ ਹੈ ?
(1) ਜੋ ਟੇਢੀ-ਮੇਢੀ ਨਾ ਹੋਵੇ
(2) ਗ਼ੈਬੀ ਤਾਕਤ
(3) ਮੁਹਾਰਤ
(4) ਪੂਰਤੀ

99. ਏਕਾਰਥ ਕਾਵਿ ਵਿਚ ਨਾਇਕ ਦੇ ਜੀਵਨ ਦਾ ਕਿੰਨਾ ਕੁ ਭਾਗ ਚਿਤਰਿਆ ਜਾਂਦਾ ਹੈ ?
(1) ਸਮੁੱਚਾ ਜੀਵਨ
(2) ਸਿਰਫ ਓਨਾ ਜਿਤਨਾ ਕੁ ਵਿਸ਼ੇਸ਼ ਅਰਥ ਦੀ ਸਿੱਧੀ ਲਈ ਲੋੜੀਂਦਾ ਹੋਵੇ।
(3) ਕੁਲ ਜੀਵਨ ਦਾ ਚੌਥਾ ਹਿੱਸਾ
(4) ਸਿਰਫ਼ ਜਵਾਨੀ ਤੋਂ ਬੁਢਾਪੇ ਤੱਕ ਦਾ ਹਿੱਸਾ

**ਨਿਰਦੇਸ਼ : ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (100-105) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :**

ਸ਼ਹਿਰ ਭੰਬੋਰ ਮਕਾਨ ਇਲਾਹੀ, ਬਾਗ਼ ਬਹਿਸ਼ਤ ਬਣਾਇਆ।
ਫ਼ਰਸ਼ ਫ਼ਰੂਸ਼ ਚਮਨ ਗੁਲ ਬੂਟਾ, ਹਰ ਇਕ ਜ਼ਾਤ ਲਗਾਇਆ।
ਨਦੀਆਂ ਹੌਜ਼ ਤਲਾਉਂ ਚੁਤਰਫ਼ੋਂ, ਰਲ ਮਿਲ ਖ਼ੂਬ ਸੁਹਾਇਆ।
ਹਾਸ਼ਮ ਰੂਹ ਰਹੇ ਵਿਚ ਫਸਿਆ, ਦਾਮ ਫ਼ਰੇਬ ਵਿਛਾਇਆ।੫।
ਅਮੀਰ ਵਜ਼ੀਰ ਗ਼ਲਾਮ ਕਰੋੜਾਂ, ਲਸ਼ਕਰ ਫ਼ੌਜ ਖ਼ਜ਼ਾਨੇ।
ਬਾਰਕ ਸੁਰਖ਼ ਨਿਸ਼ਾਨ ਹਜ਼ਾਰਾਂ, ਸ਼ਾਮ ਘਟਾਂ ਸ਼ਾਮਿਆਨੇ।
ਖਾਵਣ ਖ਼ੈਰ ਫ਼ਕੀਰ ਮੁਸਾਫ਼ਰ, ਸਾਹਿਬ ਹੋਸ਼ ਦਿਵਾਨੇ।
ਹਾਸ਼ਮ ਏਸ ਗ਼ਮੀ ਵਿਚ ਆਜਿਜ਼, ਹੋਸ਼ ਉਲਾਦ ਨਾ ਖ਼ਾਨੇ।੬।

100. 'ਲਸ਼ਕਰ' ਦਾ ਸ਼ਾਬਦਿਕ ਅਰਥ ਹੈ :
(1) ਲਕਸ਼
(2) ਰੱਥ
(3) ਹਥਿਆਰਬੰਦ ਫ਼ੌਜ
(4) ਪਤਾਕਾ

101. ਇਨ੍ਹਾਂ ਕਾਵਿ ਬੰਦਾਂ ਦਾ ਕਰਤਾ ਹੈ :
(1) ਕਾਦਰਯਾਰ
(2) ਹਾਸ਼ਮ
(3) ਫ਼ਰੂਸ਼
(4) ਆਜ਼ਿਜ਼

102. ਕਾਵਿਕ ਸੰਦਰਭ ਦੇ ਆਧਾਰ 'ਤੇ ਦੱਸੋ ਕਿ 'ਬਹਿਸ਼ਤ' ਦਾ ਕੀ ਅਰਥ ਹੈ ?
(1) ਜੰਨਤ
(2) ਨਰਕ
(3) ਦੋਜ਼ਖ
(4) ਟਿਕਾਣਾ

103. 'ਸ਼ਹਿਰ ਭੰਬੋਰ ਮਕਾਨ ਇਲਾਹੀ' ਕਾਵਿ ਅੰਸ਼ ਵਿਚ ਭੰਬੋਰ ਹੇਠ ਲਿਖਿਆਂ ਵਿਚੋਂ ਕਿਸ ਨਾਲ ਸਬੰਧਿਤ ਹੈ ?
(1) ਛੋਟਾ ਮਕਾਨ
(2) ਖੱਤਰੀਆਂ ਦੀ ਇਕ ਬਰਾਦਰੀ
(3) ਇਲਾਕੇ
(4) ਕੌਮੀਅਤ

104. ਇਨ੍ਹਾਂ ਕਾਵਿ-ਬੰਦਾਂ ਵਿਚ ਕਿਸ ਦਿਲਗੀਰੀ ਦੀ ਗੱਲ ਪ੍ਰਗਟ ਹੁੰਦੀ ਹੈ ?
(1) ਫ਼ੌਜ ਦੀ ਘਾਟ ਹੋਣਾ
(2) ਬੇ-ਔਲਾਦ ਹੋਣਾ
(3) ਖ਼ਜ਼ਾਨੇ ਵਿਚ ਪੈਸੇ ਦੀ ਕਮੀ
(4) ਮਕਾਨ ਦਾ ਅਧੂਰਾ ਰਹਿ ਜਾਣਾ

105. '----ਬਾਗ਼ ਬਹਿਸ਼ਤ ਬਣਾਇਆ' ਵਿਚ ਕਿਹੜਾ 'ਸ਼ਬਦ-ਅਲੰਕਾਰ' ਵਰਤਿਆ ਗਿਆ ਹੈ ?
(1) ਰੂਪਕ-ਅਲੰਕਾਰ
(2) ਉਪਮਾ-ਅਲੰਕਾਰ
(3) ਅਤਿਕਥਨੀ-ਅਲੰਕਾਰ
(4) ਅਨੁਪ੍ਰਾਸ-ਅਲੰਕਾਰ

106. ਹੇਠ ਲਿਖਿਆਂ ਵਿਚੋਂ ਕਿਹੜਾ ਸੰਸਥਾਗਿਕ ਲਿਖਤ ਦੇ ਤਹਿਤ ਨਹੀਂ ਆਉਂਦਾ ?
(1) ਸੋਗ ਦੇ ਨੋਟਸ
(2) ਵਪਾਰਕ ਪੱਤਰ
(3) ਪਾਠਕ੍ਰਮ ਵੀਟੇ
(4) ਰੀਵਿਊਜ਼

Prepp
Your Personal Exams Guide

**107.** ਭਾਸ਼ਾ ਦੀ ਪ੍ਰਾਪਤੀ ਅਤੇ ਭਾਸ਼ਾ ਦੀ ਸਿੱਖਿਆ ਵਿਚ ਕਿਹੜੀ ਪ੍ਰਕਿਰਤਿਕ ਪਰਿਕਲਪਨਾ ਹੈ ?
(1) ਇਹ ਇਸ ਵਿਚਾਰ ਨੂੰ ਖ਼ਾਰਿਜ ਕਰਦੀ ਹੈ ਕਿ ਸਾਰੀਆਂ ਭਾਸ਼ਾਵਾਂ ਦੇ ਵਿਆਕਰਨ ਹਨ ਅਤੇ ਸਾਰੇ ਬੱਚੇ ਆਪਣੇ ਤਰੀਕੇ ਨਾਲ ਉਨ੍ਹਾਂ ਨੂੰ ਸਿੱਖਦੇ ਹਨ।
(2) ਇਸ ਦਾ ਮੰਨਣਾ ਹੈ ਕਿ ਸਾਰੇ ਮਨੁੱਖ ਭਾਸ਼ਾਵਾਂ ਨੂੰ ਸਰੀਰਕ ਅਭਿਆਸ ਅਤੇ ਸ਼ਰਤਾਂ ਸਹਿਤ ਸਿੱਖ ਸਕਦੇ ਹਨ।
(3) ਇਸ ਦਾ ਮੰਨਣਾ ਹੈ ਕਿ ਸਾਰੇ ਮਨੁੱਖਾਂ ਕੋਲ ਜਨਮ ਤੋਂ ਹੀ ਭਾਸ਼ਾ ਦਾ ਗਿਆਨ ਹੁੰਦਾ ਹੈ।
(4) ਇਸ ਦਾ ਮੰਨਣਾ ਹੈ ਕਿ ਭਾਸ਼ਾ ਆਦਤ ਦੇ ਨਿਰਮਾਣ ਦੇ ਨਤੀਜੇ ਵਜੋਂ ਸਿੱਖੀ ਜਾਂਦੀ ਹੈ।

**108.** ' ਵਿਸ਼ਾ ਆਧਾਰਿਤ ਭਾਸ਼ਾ ਇਨਪੁਟਸ' ਕਿਸ ਦਾ ਹਵਾਲਾ ਦਿੰਦੀਆਂ ਹਨ ?
(1) ਭਾਸ਼ਾ ਇਨਪੁਟ, ਜੋ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਭਾਸ਼ਾ ਦੀ ਵਰਤੋਂ ਕਿਵੇਂ ਹੁੰਦੀ ਹੈ।
(2) ਇਨਪੁੱਟ ਅਤੇ ਇਸ ਦੀਆਂ ਪ੍ਰਕਿਰਿਆਵਾਂ ਦੀ ਪੇਸ਼ਕਾਰੀ।
(3) ਭਾਸ਼ਾ ਇਨਪੁਟਸ, ਜੋ ਸੂਚਨਾ ਉੱਤੇ ਬਲ ਦਿੰਦੀਆਂ ਹਨ।
(4) ਸ਼ਬਦਾਵਲੀ, ਉਚਾਰਨ, ਵਿਆਕਰਨ ਆਦਿ।

**109.** ਭਾਸ਼ਾ ਅਧਿਆਪਨ ਦੀ ਕਿਹੜੀ ਪਹੁੰਚ ਸ਼ਬਦਾਂ ਅਤੇ ਸ਼ਬਦਾਂ ਦੇ ਹਿੱਸਿਆਂ ਦੀ ਭਾਸ਼ਾ ਸਿੱਖਿਆ ਦੇ ਆਧਾਰ ਵਜੋਂ ਸਮਰਥਨ ਕਰਦੀ ਹੈ ?
(1) ਕਾਰਜ ਆਧਾਰਿਤ ਭਾਸ਼ਾ ਸਿੱਖਿਆ
(2) ਸੰਚਾਰਾਤਮਕ ਪਹੁੰਚ
(3) ਕੋਸ਼ਗਤ ਪਹੁੰਚ
(4) ਵਿਆਕਰਨ ਦੇ ਅਨੁਵਾਦ ਦੀ ਵਿਧੀ

**110.** ਹੇਠ ਲਿਖਿਆਂ ਵਿਚੋਂ ਕਿਹੜਾ ਸਕੂਲੀ ਸਿੱਖਿਆ ਵਿਚ ਬਹੁ-ਭਾਸ਼ਾਵਾਦ ਦਾ ਉਦੇਸ਼ ਨਹੀਂ ਹੈ ?
(1) ਸਕੂਲ ਵਿਚ ਅਧਿਐਨ-ਅਧਿਆਪਨ ਲਈ ਸਿੱਖਿਆਰਥੀਆਂ ਦੀਆਂ ਭਾਸ਼ਾਵਾਂ ਦੀ ਵਰਤੋਂ ਕਰਨੀ।
(2) ਜਿਥੇ ਤੱਕ ਸੰਭਵ ਹੋ ਸਕੇ ਇਕ ਭਾਸ਼ਾ ਅਤੇ ਸਿੱਖਿਆ ਦੇ ਮਾਧਿਅਮ ਵਜੋਂ ਮਾਂ-ਬੋਲੀ ਦੀ ਸਿਖਲਾਈ।
(3) ਤ੍ਰੈਭਾਸ਼ੀ ਫਾਰਮੂਲੇ ਤਹਿਤ ਮਾਂ-ਬੋਲੀ, ਹਿੰਦੀ ਅਤੇ ਅੰਗਰੇਜ਼ੀ ਦੀ ਸਿਖਲਾਈ।
(4) ਸਾਰੇ ਬੱਚੇ ਆਪਣੇ ਸਕੂਲ ਦੀ ਪੜ੍ਹਾਈ ਆਪਣੀ ਮਾਂ-ਬੋਲੀ ਨਾਲ ਸ਼ੁਰੂ ਕਰਦੇ ਹਨ ਅਤੇ ਕਈ ਭਾਸ਼ਾਵਾਂ (ਘੱਟੋ-ਘੱਟ ਦੋ ਹੋਰ) ਨੂੰ ਜੋੜਨ ਲਈ ਅੱਗੇ ਵਧਦੇ ਹਨ।

**111.** ਵਾਣੀ ਟੈਕਸਟ ਦਾ ਇਕ ਸਾਧਾਰਨ ਜਾਇਜ਼ਾ ਲੈਣ ਲਈ ਇਕ ਆਰਟੀਕਲ ਪੜ੍ਹ ਰਹੀ ਹੈ। ਉਸ ਦੀ ਪੜ੍ਹਤ ਨੂੰ ਕੀ ਕਿਹਾ ਜਾਵੇਗਾ ?
(1) ਅਨੁਮਾਨ
(2) ਸਕੈਨਿੰਗ
(3) ਸਕਿਮਿੰਗ
(4) ਆਲੋਚਨਾਤਮਕ ਪੜ੍ਹਤ

**112.** ਸਕੂਲ ਆਧਾਰਤ ਮੁਲਾਂਕਣ ਨੂੰ ਉਤਸ਼ਾਹਿਤ ਕਰਨ ਲਈ ਦੋ ਢੁਕਵੇਂ ਪਠਨਾਂ ਦੀ ਚੋਣ ਕਰੋ।
(a) ਇਹ ਸਿਖਿਆਰਥੀਆਂ ਅਤੇ ਅਧਿਆਪਕਾ ਦੋਨਾਂ ਦੀ ਖ਼ੁਦ ਮੁਖ਼ਤਿਆਰੀ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਕਰਦੀ ਹੈ।
(b) ਇਹ ਸਕੂਲ ਨੂੰ ਆਪਣੀ ਯੋਜਨਾ ਆਪ ਬਣਾਉਣ ਦੀ ਗੁੰਜਾਇਸ਼ ਪ੍ਰਦਾਨ ਕਰਦੀ ਹੈ।
(c) ਇਹ ਪ੍ਰੀਖਿਆ ਬੋਰਡ ਦੀ ਤਾਕਤ ਤੋਂ ਜਾਣੂ ਕਰਾਉਂਦੀ ਹੈ।
(d) ਇਹ ਸਿਖਿਆਰਥੀ ਨੂੰ ਮੁਲਾਂਕਣ ਦੀ ਯੋਜਨਾ ਦੀਆਂ ਕਿਰਿਆਵਾਂ ਵਿਚ ਇਕ ਸਰਗਰਮ ਪ੍ਰਤੀਭਾਗੀ ਵਜੋਂ ਸ਼ਾਮਿਲ ਨਹੀਂ ਕਰਦੀ।
(1) (a) ਅਤੇ (b)
(2) (b) ਅਤੇ (c)
(3) (c) ਅਤੇ (d)
(4) (d) ਅਤੇ (a)

**113.** ਕਿਹੜਾ ਅਕਾਦਮਿਕ ਦਰਸ਼ਨ ਹੇਠ ਲਿਖੇ ਦਾ ਸਮਰਥਨ ਕਰਦਾ ਹੈ ?ਸਿੱਖਿਆ ਦੇ ਪੂਰਵ ਨਿਰਧਾਰਿਤ ਕ੍ਰਮਾਂ ਦੀ ਥਾਂ ਸਿੱਖਿਆ ਦੇ ਮਾਹੌਲ ਜਿਵੇਂ ਕਿ ਵਾਸਤਵਿਕ-ਵਿਸ਼ਵ ਸਥਾਪਨਾਵਾਂ (ਰੀਅਲ-ਵਰਲਡ ਸੈਟਿੰਗਜ਼) ਅਤੇ ਕੇਸ ਅਧਾਰਤ ਸਿੱਖਿਆ ਦੀ ਵਰਤੋਂ ਹੁੰਦੀ ਹੈ।
(1) ਨੇਟਿਵਇਜ਼ਮ
(2) ਰਚਨਾਤਮਿਕਤਾਵਾਦ (ਕਨਸਟਰਕਟਿਵਿਜ਼ਮ)
(3) ਆਡੀਓਲਿੰਗੁਅਲਿਜ਼ਮ
(4) ਬੌਧਾਤਮਿਕਤਾਵਾਦ (ਕੌਗਨਿਟਵਿਜ਼ਮ)

**114.** 6 ਵੀਂ ਜਮਾਤ ਦਾ ਇਕ ਸਿਖਿਆਰਥੀ ਰਾਹੁਲ ਜਦੋਂ ਵਿਆਕਰਨ ਦੇ ਨਵੇਂ ਰੂਪ ਨੂੰ ਸਿੱਖਦਾ ਹੈ ਤਾਂ ਉਸ ਨੇ ਜੋ ਪਹਿਲਾਂ ਸਿੱਖਿਆ ਹੈ, ਨਾਲ ਜੋੜਨ ਯੋਗ ਹੋ ਜਾਂਦਾ ਹੈ। ਇਸ ਵਿਚੋਂ ਹੇਠ ਲਿਖੀਆਂ ਵਿੱਚੋਂ ਕਿਹੜੀ ਯੋਜਨਾ ਬਣਦੀ ਹੈ ?
(1) ਹਿਉਰਿਸਟਿਕ ਯੋਜਨਾਵਾਂ
(2) ਕੌਗਨਿਟਿਵ ਯੋਜਨਾਵਾਂ
(3) ਮੈਟਾਕੌਗਨਿਟਿਵ ਯੋਜਨਾਵਾਂ
(4) ਕੌਗਨਿਟਿਵ ਅਤੇ ਮੈਟਾਕੌਗਨਿਟਿਵ ਯੋਜਨਾਵਾਂ ਦੋਵੇਂ

Prepp
Your Personal Exams Guide

115. ਸੱਤਵੀਂ ਜਮਾਤ ਦਾ ਇਕ ਅਧਿਆਪਕ ਸੱਤ ਵਾਕਾਂ ਦੀ ਇਕ ਛੋਟੀ ਟੈਕਸਟ ਪੜ੍ਹਦਾ ਹੈ । ਫਿਰ ਉਹ ਆਪਣੇ ਸਿਖਿਆਰਥੀਆਂ ਨੂੰ ਧਿਆਨ ਨਾਲ ਸੁਣ ਕੇ ਇਸ ਦੀ ਨਜ਼ਦੀਕੀ ਟੈਕਸਟ ਨੂੰ ਪੁਨਰਸਿਰਜਿਤ ਕਰਨ ਲਈ ਕਹਿੰਦਾ ਹੈ, ਬਿਲਕੁਲ ਉਸੇ ਤਰ੍ਹਾ ਦੀ ਨਹੀਂ । ਇਸ ਯੋਜਨਾ ਨੂੰ ਕਿਹਾ ਜਾਂਦਾ ਹੈ :

(1) ਸਕੈਮਾ ਕ੍ਰੀਏਸ਼ਨ
(2) ਟੌਪ-ਡਾਊਨ ਸਟਰੈਟੇਜੀ
(3) ਬੌਟਮ-ਅਪ ਸਟਰੈਟਜੀ
(4) ਪੈਰਾਗ੍ਰਾਫ਼ ਡਿਕਟੇਸ਼ਨ

116. ਸਿੱਖਿਆ ਪਰਿਣਾਮਾਂ ਦੇ ਉਦੇਸ਼ਾਂ ਦੇ ਸੰਬੰਧ ਵਿਚ ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ ?

(a) ਵਿਸ਼ਾ-ਕੇਂਦ੍ਰਿਤ ਸਿੱਖਿਆ ਨਾਲੋਂ ਪ੍ਰਤੀਯੋਗਿਤਾ-ਆਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ ।
(b) ਸਿਖਿਆਰਥੀਆਂ ਨੂੰ ਭਾਸ਼ਾ ਦੇ ਸਿਰਜਨਾਤਮਕ ਵਰਤੋਂਕਾਰ ਬਣਾਉਣ ਲਈ ਭਾਸ਼ਾਈ ਕੌਸ਼ਲਾਂ ਵਿਚ ਨਿਪੁੰਨ ਬਣਨ ਦੇ ਯੋਗ ਬਣਾਉਣਾ ।
(c) ਵਿਸ਼ੇ ਵਿਚ ਨਿਪੁੰਨਤਾ ਅਤੇ ਬਾਅਦ ਵਿਚ ਲਾਗੂ ਕਰਨ ਦੇ ਯੋਗ ਬਣਾਉਣਾ ।
(d) ਸਿਖਿਆਰਥੀਆਂ ਨੂੰ ਵਿਸ਼ੇਸ਼ ਮਕਸਦਾਂ ਲਈ ਭਾਸ਼ਾ ਦੀ ਵਰਤੋਂ ਸਿੱਖਣ ਦੇ ਯੋਗ ਬਣਾਉਣਾ ।

(1) ਸਿਰਫ਼ (c) ਸਹੀ ਹੈ ।
(2) (b) ਅਤੇ (c) ਸਹੀ ਹਨ ।
(3) (d) ਅਤੇ (c) ਸਹੀ ਹਨ ।
(4) (a) ਅਤੇ (d) ਸਹੀ ਹਨ ।

117. ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਵਿਆਕਰਨ ਦੀ ਸਿਖਿਆ ਦੇ ਸੰਦਰਭ ਵਿਚ 'ਵਿਹਾਰਕ ਗਿਆਨ' ਦੀ ਬਿਹਤਰੀਨ ਵਿਆਖਿਆ ਕਰਦਾ ਹੈ ?

(1) ਰੂਪ ਬਾਰੇ ਗਿਆਨ
(2) ਵਿਆਕਰਨ ਰੂਪ ਅਤੇ ਇਸ ਦੀ ਵਰਤੋਂ ਕੀ ਹੈ, ਨੂੰ ਜਾਣਨਾ ।
(3) ਵਿਆਕਰਨ ਦੇ ਨੇਮਾਂ ਨੂੰ ਸਿੱਖਣਾ ਅਤੇ ਮਗਰੋ ਇਸ ਨੂੰ ਪੁਨਰ ਸੁਰਜੀਤ ਕਰਨਾ ।
(4) ਵਿਆਕਰਨ ਦੀ ਕਿਸੇ ਪੁਸਤਕ ਤੋਂ ਸਮਝਣਾ ਕਿ ਵਿਆਕਰਨ ਦਾ ਇਕ ਰੂਪ ਕਿਵੇਂ ਕੰਮ ਕਰਦਾ ਹੈ ।

118. ਮਿਸ ਉਸ਼ਾ ਰਾਣੀ ਜੋ ਸਰਕਾਰੀ ਹਾਈ ਸਕੂਲ ਦੀ ਇਕ ਅਧਿਆਪਿਕਾ ਹੈ, ਆਪਣੇ ਸਿਖਿਆਰਥੀਆਂ ਨੂੰ ਦਿਨ-ਪ੍ਰਤੀ-ਦਿਨ ਮਕਸਦ ਲਈ ਭਾਸ਼ਾ ਦੀ ਵਰਤੋਂ ਅਤੇ ਤਕੀਆ ਕਲਾਮੀ ਵਰਤੋਂ ਕਰਨ ਲਈ ਪੜ੍ਹਾਉਣ ਨਾਲ ਅੰਗਰੇਜ਼ੀ ਭਾਸ਼ਾ ਬੋਲਣ ਵਿਚ ਮਦਦ ਕਰ ਰਹੀ ਹੈ । ਉਹ ਆਪਣੇ ਸਿਖਿਆਰਥੀ ਵਿਚ ਕੀ ਵਿਕਸਿਤ ਕਰਨ ਦੀ ਕੋਸ਼ਿਸ ਕਰਦੀ ਹੈ ?

(1) ਸੰਚਾਰ ਕੌਸ਼ਲਾਂ
(2) ਪਰਸਪਰ (Interpersonal) ਕੌਸ਼ਲਾਂ
(3) ਬੌਧਿਕ ਅਕਾਦਮਿਕ ਭਾਸ਼ਾ ਪ੍ਰਬੀਨਤਾ
(4) ਮੁੱਢਲੀਆਂ ਪਰਸਪਰ ਸੰਚਾਰ ਕੌਸ਼ਲਾਂ

119. ਇਕ ਅਧਿਆਪਕ ਸੱਤਵੀਂ ਜਮਾਤ ਦੇ ਸਿਖਿਆਰਥੀਆਂ ਦੀਆਂ ਗਲਤੀਆਂ ਦਾ ਇਕ ਵਿਸ਼ੇਸ ਪੈਟਰਨ ਅਪਣਾਉਂਦਾ ਹੈ ਅਤੇ ਆਪਣੇ ਸਿਖਿਆਰਥੀਆਂ ਨੂੰ ਉਨ੍ਹਾਂ ਦੀਆਂ ਗ਼ਲਤੀਆਂ ਤੋਂ ਜਾਣੂ ਕਰਾਉਣ ਲਈ ਮਹੀਨੇ ਵਿਚ ਇਕ ਵਾਰੀ ਉਨ੍ਹਾ ਉੱਤੇ ਚਰਚਾ ਕਰਦਾ ਹੈ । ਉਹ ਇਹ ਨਹੀਂ ਦੱਸਦਾ ਕਿ ਇਹ ਗਲਤੀਆਂ ਕਿਸ ਨੇ ਕੀਤੀਆਂ ਹਨ । ਉਹ ਆਪਣੇ ਸਿਖਿਆਰਥੀਆਂ ਨੂੰ ਆਪਣੀਆਂ ਗ਼ਲਤੀਆਂ ਉੱਤੇ ਧਿਆਨ ਦੇਣ ਲਈ ਵੀ ਕਹਿੰਦਾ ਹੈ । ਇਸ ਪ੍ਰਕਿਰਿਆ ਨੂੰ ਕੀ ਕਹਿੰਦੇ ਹਨ ?

(1) ਅਧਿਐਨ ਅਤੇ ਵਿਆਕਰਨ ਨਾਲ ਵਚਨਬੱਧਤਾ
(2) ਵਿਆਕਰਨ ਦਾ ਅਧਿਆਪਨ
(3) ਫ਼ੀਡਬੈਕ ਪ੍ਰਦਾਨ ਕਰਨੀ
(4) ਗ਼ਲਤੀਆਂ ਦਾ ਵਿਸ਼ਲੇਸ਼ਣ

120. ਜਿਨ੍ਹਾਂ ਸ਼ਬਦਾਂ ਨੂੰ ਅਸੀਂ ਸੁਣਨ ਜਾਂ ਵੇਖਣ ਨਾਲ ਪਛਾਣ ਜਾਂਦੇ ਹਾਂ, ਉਨ੍ਹਾਂ ਨੂੰ ਕਹਿੰਦੇ ਹਨ :

(1) ਕਿਸੇ ਭਾਸ਼ਾ ਦੀ ਪੂਰਨ ਸ਼ਬਦਾਵਲੀ
(2) ਨਿਰਮਿਤ ਸ਼ਬਦਾਵਲੀ
(3) ਗ੍ਰਹਿਣਸ਼ੀਲ ਸ਼ਬਦਾਵਲੀ
(4) ਰਿਝਾਉਣ ਵਾਲੀ ਸ਼ਬਦਾਵਲੀ

Prepp
Your Personal Exams Guide

ਉਮੀਦਵਾਰ **ਭਾਗ–V** (ਪ੍ਰ.ਨੰ. **121-150**) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

Prepp
Your Personal Exams Guide

# PART-V

## LANGUAGE-II

## PUNJABI

| |
|---|
| ਉਮੀਦਵਾਰ **ਭਾਗ-V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-II** ਵਜੋਂ ਚੁਣਿਆ ਹੈ। |

**ਨਿਰਦੇਸ਼ : ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (121-128) ਦੇ ਉੱਤਰ ਢੁਕਵੇਂ ਵਿਕਲਪ ਚੁਣ ਕੇ ਦਿਉ :**

ਜਿਸ ਸਾਹਿਤ-ਵਿਧਾ ਵਿਚ ਸਫ਼ਰ ਬਾਰੇ ਵਿਵਰਣ ਦਿੱਤਾ ਗਿਆ ਹੋਵੇ, ਉਸ ਨੂੰ 'ਸਫ਼ਰਨਾਮਾ' ਕਹਿੰਦੇ ਹਨ। ਇਸ ਦਾ ਨਾਮਾਂਤਰ ਯਾਤਰਾ-ਸਾਹਿਤ ਵੀ ਹੈ। ਪੁਰਾਤਨ ਕਾਲ ਵਿਚ ਯਾਤਰਾ-ਸਾਹਿਤ ਦਾ ਉਦਭਵ ਤੇ ਵਿਕਾਸ ਸੈਲਾਨੀਆਂ ਦੀ ਜ਼ੁਬਾਨੀ ਦੱਸੀਆਂ ਹੋਈਆਂ ਕਹਾਣੀਆਂ ਤੋਂ ਹੋਇਆ, ਜਿਨ੍ਹਾਂ ਨੇ ਕੁਝ ਸਮੇਂ ਪਿੱਛੋਂ ਸਾਹਿਤਿਕ ਰੂਪ ਧਾਰਨ ਕਰ ਲਿਆ। ਸਿਕੰਦਰ ਦੀਆਂ ਕਹਾਣੀਆਂ (Alexander Legends), ਸਿੰਦਬਾਦ ਦੀਆਂ ਕਹਾਣੀਆਂ (Sindbad the Sailor), ਓਡੀਸੀ (Odyssey), 'ਹਰਿਸ਼ ਚਰਿਤ' ਅਤੇ 'ਕਾਦੰਬਰੀ' ਅਜਿਹਾ ਪੁਰਾਤਨ ਯਾਤਰਾ-ਸਾਹਿਤ ਹੈ। ਇਸ ਯਾਤਰਾ-ਸਾਹਿਤ ਤੋਂ ਆਉਣ ਵਾਲੀ ਪੀੜ੍ਹੀ ਨੂੰ ਦੇਸ਼ ਦੇਸ਼ਾਂਤਰਾਂ ਬਾਰੇ ਕੁਝ ਨਾ ਕੁਝ ਜਾਣਕਾਰੀ ਅਵੱਸ਼ ਪ੍ਰਾਪਤ ਹੁੰਦੀ ਰਹਿੰਦੀ ਸੀ। ਕੁਝ ਸਮਾਂ ਪਾ ਕੇ ਇਹ ਪੁਸਤਕਾਂ ਇਕ ਪ੍ਰਕਾਰ ਦੇ ਪਥ-ਪ੍ਰਦਰਸ਼ਕ ਅਤੇ ਨਕਸ਼ਿਆਂ ਦਾ ਕੰਮ ਦਿੰਦੀਆਂ ਰਹੀਆਂ। 173 ਈ. ਵਿਚ ਲਿਖੀ ਪਾਸਾਨਿਆ (Pausania) ਦੀ ਪੁਸਤਕ 'ਟੂਰ ਆਫ਼ ਗ੍ਰੀਸ' (Tour of Greece) ਇਸ ਦੀ ਵਿਸ਼ੇਸ਼ ਉਦਾਹਰਣ ਹੈ।

ਯਾਤਰਾ-ਸਾਹਿਤ ਦੇ ਵਿਕਾਸ ਦੀ ਦੂਜੀ ਕੜੀ ਵਿਚ ਅਜਿਹਾ ਸਾਹਿਤ ਆਉਂਦਾ ਹੈ ਜਿਸ ਨਾਲ ਸੈਲਾਨੀਆਂ ਨੇ ਆਪਣੇ-ਆਪਣੇ ਸਫ਼ਰ ਦਾ ਹਾਲ ਕ੍ਰਮਬੱਧ ਅਤੇ ਸੁੰਦਰ ਢੰਗ ਨਾਲ ਕਲਮਬੰਦ ਕੀਤਾ ਹੈ। ਇਤਿਹਾਸ ਦਾ ਮੋਢੀ ਹੈਰੋਡੋਟਸ (Herodotus) ਅਜਿਹੇ ਸਫ਼ਰ-ਸਾਹਿਤ ਦਾ ਵੀ ਮੋਢੀ ਹੈ। ਉਸ ਨੇ ਆਪਣੇ ਲੰਮੇ ਚੌੜੇ ਸਫ਼ਰ ਦੇ ਆਧਾਰ 'ਤੇ ਉਨ੍ਹਾਂ ਦੇਸ਼ਾਂ ਦੇ ਸੰਪੂਰਣ ਹਾਲਾਤ ਲਿਖੇ ਜਿਨ੍ਹਾਂ ਨੂੰ ਯੂਨਾਨੀ ਉਸ ਵੇਲੇ ਜਾਣਦੇ ਸਨ। ਇਸ ਤਰ੍ਹਾਂ ਉਸ ਨੇ 425 ਪੂ.ਈ. ਵਿਚ ਦੁਨੀਆ ਦਾ ਸਭ ਤੋਂ ਪਹਿਲਾਂ ਇਤਿਹਾਸਕਾਰ ਹੋਣ ਦਾ ਮਾਣ ਪ੍ਰਾਪਤ ਕੀਤਾ। ਪਰੰਤੂ ਉਸ ਸਫ਼ਰਨਾਮੇ ਵਿਚ ਭੂਗੋਲਿਕ ਵਰਣਨ ਨਹੀਂ ਹੈ, ਇਸੇ ਤਰ੍ਹਾਂ ਸਟ੍ਰੇਬੋ (Strabo, 63 ਪੂ.ਈ. –21 ਈ.) ਨੇ ਆਪਣੇ ਸਫ਼ਰ ਦੇ ਆਧਾਰ 'ਤੇ ਮੱਧ ਸਾਗਰੀ (Mediterranean) ਦੇਸ਼ਾਂ ਦਾ ਭੂਗੋਲ ਲਿਖਿਆ ਅਤੇ ਪਟੋਲੇਮੀ (Ptolemy) ਨੇ ਆਪਣੇ ਸਫ਼ਰ ਅਤੇ ਪੁਰਾਣੇ ਵੇਰਵਿਆਂ ਨੂੰ ਮੁੱਖ ਰੱਖ ਕੇ 150 ਈ. ਵਿਚ ਪਹਿਲੀ ਐਟਲਸ ਤਿਆਰ ਕੀਤੀ। ਫ਼ਾਹੀਆਨ, ਹਿਊਨਸਾਂਗ, ਇਤਸਿੰਗ, ਇਬਨ ਬਤੂਤਾ, ਅਲਬਰੂਨੀ ਮਾਰਕੋਪੋਲੋ, ਬਰਨੀਅਰ ਅਤੇ ਟੇਵਰਨੀਅਰ ਵਰਗੇ ਮਹਾਨ ਸੈਲਾਨੀਆਂ ਨੇ ਦੇਸ਼ ਬਦੇਸ਼ ਦਾ ਸਫ਼ਰ ਕਰਕੇ ਉਸ ਸਮੇਂ ਰਾਜਸੀ, ਸਮਾਜਕ ਅਤੇ ਧਾਰਮਿਕ ਦਸ਼ਾ ਨੂੰ ਆਪਣੀਆਂ ਲਿਖਤਾਂ ਵਿਚ ਬਿਆਨ ਕੀਤਾ ਹੈ।

**121.** ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਦੀ ਪਛਾਣ ਕਰੋ :

(1) ਇਕ ਪ੍ਰਕਾਰ
(2) ਪਹਿਲਾ ਇਤਿਹਾਸਕਾਰ
(3) ਯਾਤਰਾ ਸਾਹਿਤ
(4) ਪਹਿਲੀ ਐਟਲਸ

**122.** 'ਟੂਰ ਆਫ਼ ਗ੍ਰੀਸ' ਕਿਸ ਦੀ ਰਚਨਾ ਹੈ ?

(1) ਪਾਸਾਨਿਆ
(2) ਸੋਫੋਕਲੀਜ਼
(3) ਹੈਰੋਡੋਟਸ
(4) ਪਟੋਲੇਸੀ

**123.** 'ਸਫ਼ਰਨਾਮੇ' ਨੂੰ ਹੇਠ ਲਿਖਿਆਂ ਵਿੱਚੋਂ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

(1) ਰੋਜ਼ਨਾਮਚਾ
(2) ਜੀਵਨੀ ਸਾਹਿਤ
(3) ਯਾਤਰਾ-ਸਾਹਿਤ
(4) ਸਵੈ-ਜੀਵਨੀ ਸਾਹਿਤ

**124.** ਹੇਠ ਲਿਖਿਆਂ ਵਿੱਚੋਂ ਕਿਹੜਾ ਪੁਰਾਤਨ ਸਫ਼ਰਨਾਮਾ ਸਾਹਿਤ ਵਿਚ ਸ਼ਾਮਿਲ ਨਹੀਂ ਹੈ ?

(1) ਹਰਿਸ਼ ਚਰਿਤ
(2) ਸਿੰਦਬਾਦ ਦੀਆਂ ਕਹਾਣੀਆਂ
(3) ਕਾਦੰਬਰੀ
(4) ਰਾਜਾ ਇਦੀਪਸ

**125.** ਯਾਤਰਾ ਦੇ ਆਧਾਰ 'ਤੇ ਮੱਧਸਾਗਰੀ ਦੇਸ਼ਾਂ ਦਾ ਭੂਗੋਲ ਲਿਖਣ ਵਾਲੇ ਲੇਖਕ ਦਾ ਕੀ ਨਾਂ ਸੀ ?

(1) ਫ਼ਾਹੀਆਨ
(2) ਬਰਨੀਅਰ
(3) ਅਲਬਰੂਨੀ
(4) ਸਟ੍ਰੇਬੋ

Prepp
Your Personal Exams Guide

**126.** ਦੇਸ਼- ਦੇਸ਼ਾਂਤਰਾਂ ਦੇ ਸਫ਼ਰ ਦੌਰਾਨ ਉਥੋਂ ਦੇ ਰਾਜਸੀ, ਸਮਾਜਕ ਅਤੇ ਧਾਰਮਿਕ ਹਾਲਾਤਾਂ ਨੂੰ ਹੇਠ ਲਿਖਿਆਂ ਵਿੱਚੋਂ ਕਿਸਨੇ ਆਪਣੀ ਲਿਖ਼ਤ ਵਿਚ ਸ਼ਾਮਿਲ ਕੀਤਾ।

(1) ਸਟ੍ਰੈਬੋ (2) ਇਤਸਿੰਗ (3) ਹੈਰੋਡੋਟਸ (4) ਪਾਸਾਨਿਆ

**127.** 'ਐਟਲਸ' ਸ਼ਬਦ ਦੀ ਵਿਆਕਰਨਕ ਪਛਾਣ ਹੈ :

(1) ਵਿਸ਼ੇਸ਼ਣ (2) ਇਕਵਚਨ ਇਸਤਰੀ ਲਿੰਗ ਨਾਂਵ
(3) ਬਹੁਵਚਨ ਪੁਲਿੰਗ ਨਾਂਵ (4) ਇਕਵਚਨ ਪੁਲਿੰਗ ਨਾਂਵ

**128.** ਕ੍ਰਮਬੱਧ ਢੰਗ ਨਾਲ ਆਪਣੇ ਸਫ਼ਰ ਦਾ ਬਿਆਨ ਕਰਨ ਵਾਲੇ ਮੋਢੀ ਲੇਖਕ ਦਾ ਨਾਂ ਹੈ :

(1) ਪਾਸਾਨਿਆ (2) ਹੈਰੋਡੋਟਸ (3) ਹਿਊਨਸਾਂਗ (4) ਇਬਨ ਬਤੂਤਾ

**ਨਿਰਦੇਸ਼ : ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (129-135) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਦੁਨੀਆ ਦਾ ਸਭ ਤੋਂ ਪਹਿਲਾ ਸਮਾਜਵਾਦ ਸੋਵੀਅਤ ਯੂਨੀਅਨ ਵਿਚ ਕਾਇਮ ਹੋਇਆ, ਜਿੱਥੇ ਅਕਤੂਬਰ, 1917 ਦੇ ਇਨਕਲਾਬ ਦੇ ਫਲਸਰੂਪ ਕਾਮਰੇਡ ਲੈਨਿਨ ਦੀ ਅਗਵਾਈ ਹੇਠ ਇਸ ਨਵੀਂ ਸਮਾਜਕ-ਆਰਥਿਕ ਰਾਜ ਵਿਵਸਥਾ ਨੂੰ ਕਾਇਮ ਕੀਤਾ ਗਿਆ। ਏਸ਼ੀਆ ਵਿਚ, ਸਮਾਜਵਾਦੀ ਰਾਜ ਸਭ ਤੋਂ ਪਹਿਲਾਂ ਚੀਨ ਵਿਚ ਮਾਓ-ਜ਼ੇ-ਤੁੰਗ ਦੀ ਅਗਵਾਈ ਵਿਚ 1949 ਈ. ਵਿਚ ਸਥਾਪਿਤ ਹੋਇਆ। ਇਨ੍ਹਾਂ ਤੋਂ ਬਿਨਾ ਕਈ ਹੋਰ ਯੂਰਪੀ ਤੇ ਏਸ਼ੀਆਈ ਦੇਸ਼ਾਂ ਵਿਚ ਸਮਾਜਵਾਦ ਦਾ ਬੋਲਬਾਲਾ ਹੋ ਗਿਆ। ਸਮਾਜਵਾਦ ਵਿਚ ਸਮਾਜਵਾਦੀ-ਸਭਿਆਚਾਰ ਦਾ ਵਿਕਾਸ ਹੁੰਦਾ ਹੈ। ਇਹ ਸਭਿਆਚਾਰ ਆਪਣੇ ਆਚਰਨਿਕ ਗੁਣਾਂ ਦੇ ਪੱਖ ਤੋਂ ਬੁਰਜੁਆ ਸਭਿਆਚਾਰ ਦਾ ਵਿਰੋਧੀ ਹੁੰਦਾ ਹੈ। ਅੱਜ ਦੁਨੀਆ ਦੇ ਬਹੁਤ ਵੱਡੇ ਹਿੱਸੇ ਅਤੇ ਬਹੁਤ ਵੱਡੀ ਜਨ-ਸੰਖਿਆ ਉੱਤੇ ਇਸ ਸਮਾਜਕ ਪ੍ਰਬੰਧ ਦੀ ਸਰਦਾਰੀ ਹੈ ਅਤੇ ਬਾਕੀ ਦੀ ਦੁਨੀਆ ਵਿੱਚ ਵੀ ਇਹ ਵਧੇਰੇ ਚਰਚਿਤ ਹੈ। ਸਮਾਜਵਾਦ ਅਤੇ ਸਾਮਵਾਦ (ਕਮਿਊਨਿਸਟ) ਦੇ ਪਰਸਪਰ ਅੰਗਿਕ ਸੰਬੰਧ ਹਨ।

ਸਮਾਜਵਾਦ ਦੇ ਪ੍ਰਭਾਵ ਨੂੰ ਸੰਸਾਰ ਦੇ ਬਹੁਤ ਸਾਰੇ ਲੇਖਕਾਂ ਤੇ ਕਲਾਕਾਰਾਂ ਨੇ ਗ੍ਰਹਿਣ ਕੀਤਾ ਹੈ ਕਿਉਂਕਿ ਇਸ ਨੇ ਸਾਹਿਤਕਾਰ ਜਾਂ ਕਲਾਕਾਰ ਦੀ ਸਜਗ ਚੇਤਨਾ ਨੂੰ ਨਵੀਆਂ ਦਿਸ਼ਾਵਾਂ ਦਾ ਸੰਕੇਤ ਕੀਤਾ ਹੈ। ਪੰਜਾਬੀ ਸਾਹਿਤ ਵਿਚ ਵੀਂਹਵੀ ਸਦੀ ਦੀ ਪਹਿਲੀ ਚੌਥਾਈ ਤੋਂ ਬਾਅਦ ਸਮਾਜਵਾਦ ਨੂੰ ਇਕ ਆਦਰਸ਼ ਸਮਾਜਕ ਪ੍ਰਬੰਧ ਦੇ ਰੂਪ ਵਿਚ ਵੱਡੀ ਪੱਧਰ ਉਤੇ ਚਿਤਰਿਆ ਗਿਆ ਹੈ। ਇਸ ਨਿਜ਼ਾਮ ਦੀ ਸਥਾਪਨਾ ਲਈ ਜੂਝ ਰਹੇ ਵਿਅਕਤੀਆ ਨੂੰ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸਮਾਜਵਾਦੀ ਧਾਰਾ ਦੇ ਪ੍ਰਮੁੱਖ ਸਿਰਜਨਾਤਮਕ ਲੇਖਕ ਹਨ, ਸੰਤ ਸਿੰਘ ਸੇਖੋਂ, ਬਾਵਾ ਬਲਵੰਤ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਪਿਆਰਾ ਸਿੰਘ ਸਹਿਰਾਈ ਆਦਿ।

**129.** ਏਸ਼ੀਆ ਦੇ ਕਿਸ ਮੁਲਕ ਵਿਚ ਸਭ ਤੋਂ ਪਹਿਲਾਂ ਸਾਮਰਾਜੀ ਰਾਜ ਹੋਂਦ ਵਿਚ ਆਇਆ ?

(1) ਬੰਗਲਾਦੇਸ਼ (2) ਚੀਨ (3) ਭਾਰਤ (4) ਜਪਾਨ

**130.** ਪੰਜਾਬੀ ਸਾਹਿਤ ਵਿਚ ਕਿਸ ਸਮੇਂ ਸਮਾਜਵਾਦ ਨੂੰ ਇਕ ਆਦਰਸ਼ ਸਮਾਜਕ ਪ੍ਰਬੰਧ ਵਜੋਂ ਚਿਤਰਿਆ ਗਿਆ ?

(1) 20 ਵੀ. ਸਦੀ ਦੀ ਪਹਿਲੀ ਚੌਥਾਈ ਤੋਂ ਬਾਅਦ
(2) 20 ਵੀ. ਸਦੀ ਦੇ ਅੱਧ ਤੋਂ ਬਾਅਦ
(3) 19 ਵੀ. ਸਦੀ ਦੀ ਅੰਤਿਮ ਚੌਥਾਈ ਦੌਰਾਨ
(4) 20 ਵੀ. ਸਦੀ ਦੀ ਪਹਿਲੀ ਚੌਥਾਈ ਦਰਮਿਆਨ

**131.** ਸੋਵੀਅਤ ਯੂਨੀਅਨ ਵਿਚ ਕਿਸ ਦੀ ਅਗਵਾਈ ਹੇਠ ਸਮਾਜਵਾਦੀ ਵਿਵਸਥਾ ਖੜ੍ਹੀ ਕੀਤੀ ਗਈ ?

(1) ਲੈਨਿਨ (2) ਮੋਪਾਸਾ (3) ਮਾਓ ਜ਼ੇ ਤੁੰਗ (4) ਬਾਵਾ ਬਲਵੰਤ

**132.** ਹੇਠ ਲਿਖਿਆਂ ਵਿੱਚੋਂ ਕਿਹੜਾ ,ਸਮਾਜਵਾਦੀ ਧਾਰਾ ਦਾ ਸਿਰਜਨਾਤਮਕ ਲੇਖਕ ਨਹੀਂ ਹੈ ?

(1) ਬਾਵਾ ਬਲਵੰਤ (2) ਸੰਤੋਖ ਸਿੰਘ ਧੀਰ (3) ਸੰਤ ਸਿੰਘ ਸੇਖੋਂ (4) ਭਾਈ ਵੀਰ ਸਿੰਘ

Prepp
Your Personal Exams Guide

**133.** ਸਮਾਜਵਾਦ ਹੇਠ ਲਿਖਿਆਂ ਵਿਚੋਂ ਕਿਸ ਦਾ ਵਿਰੋਧੀ ਹੈ ?

(1) ਖ਼ੇਤੀ ਕਰ ਰਹੇ ਮਜ਼ਦੂਰਾਂ /ਕਿਸਾਨਾਂ ਦਾ (2) ਗ਼ਰੀਬ ਸਮਾਜ ਦਾ

(3) ਯੂਰਪੀ ਮੁਲਕਾਂ ਦਾ (4) ਬੁਰਜੁਆ ਸਭਿਆਚਾਰ ਦਾ

**134.** 'ਇਸ ਨੇ ਸਾਹਿਤਕਾਰ ਦੀ ਸਜਗ ਚੇਤਨਾ ਨੂੰ ਨਵੀਆਂ ਦਿਸ਼ਾਵਾਂ ਦਾ ਸੰਕੇਤ ਕੀਤਾ ਹੈ ।' ਇਸ ਵਾਕ ਵਿਚੋਂ ਹੇਠ ਦਿੱਤੇ ਵਿਕਲਪਾਂ ਦੇ ਆਧਾਰ 'ਤੇ ਵਿਸ਼ੇਸ਼ਣ ਦੀ ਪਛਾਣ ਕਰੋ ।

(1) ਸਾਹਿਤਕਾਰ (2) ਨਵੀਆਂ (3) ਚੇਤਨਾ (4) ਦਿਸ਼ਾਵਾਂ

**135.** 'ਸਭਿਆਚਾਰ' ਸ਼ਬਦ ਦੀ ਵਿਆਕਰਨਕ ਪਛਾਣ ਹੈ :

(1) ਪੜਨਾਂਵ (2) ਵਿਸ਼ੇਸ਼ਣ (3) ਕਿਰਿਆ ਵਿਸ਼ੇਸ਼ਣ (4) ਨਾਂਵ

**136.** ਇਕ ਅਧਿਆਪਕ ਅੱਠਵੀਂ ਜਮਾਤ ਦੇ ਆਪਣੇ ਵਿਦਿਆਰਥੀਆਂ ਨੂੰ ਹੇਠਾਂ ਦਿੱਤੀ ਅਸਾਈਨਮੈਂਟ ਦਿੰਦੀ ਹੈ । ਇਸ ਨੂੰ ਕਿਹੜੀ ਪ੍ਰਕਾਰ ਦੀ ਲਿਖਤ ਕਰਾਰ ਦਿੱਤਾ ਜਾਵੇਗਾ ?

ਜੋੜਿਆਂ, ਫੁਰਨਾ, ਵਿਚਾਰਾਂ ਨੂੰ ਸੰਖੇਪ ਵਿਚ ਲਿਖਣਾ ਅਤੇ ਉਨ੍ਹਾਂ ਨੂੰ ਵਿਸ਼ੇ ਦੇ ਪੱਖ ਵਿਚ ਅਤੇ ਵਿਰੋਧ ਵਿਚ ਦੋ-ਦੋ ਦਲੀਲਾਂ ਦੇਣ ਵਾਲੀ ਇਕ ਚੰਗੀ ਲਿਖਤ ਵਿਚ ਬਦਲਣ ਲਈ ਵਿਦਿਆਰਥੀਆਂ ਨੂੰ ਪ੍ਰਕਾਸ਼ਿਤ ਪੁਸਤਕਾਂ ਦੀ ਬਿਲਕੁਲ ਲੋੜ ਨਹੀਂ ।

(1) ਨਿੱਜੀ ਲੇਖਣ (ਪਰਸਨਲ ਰਾਈਟਿੰਗ)

(2) ਵਿਆਖਿਆਤਮਕ ਲੇਖਣ (ਐਕਸਪੋਸਿਟਰੀ ਰਾਈਟਿੰਗ )

(3) ਵਿਸਤ੍ਰਿਤ ਲੇਖਣ (ਡਿਸਕਰਸਿਵ ਰਾਈਟਿੰਗ )

(4) ਵਰਣਾਤਮਿਕ ਲੇਖਣ (ਡਿਸਕਰਿਪਟਿਵ ਰਾਈਟਿੰਗ)

**137.** ਭਾਸ਼ਾ ਪ੍ਰਾਪਤੀ ਅਤੇ ਭਾਸ਼ਾ ਸਿੱਖਿਆ ਬਾਰੇ ਹੇਠ ਲਿਖੀਆਂ ਵਿਚੋਂ ਕਿਹੜੀ ਪ੍ਰਕਿਰਤਿਕ ਪਰਿਕਲਪਨਾ ਸਹੀ ਹੈ ?

(1) ਭਾਸ਼ਾ ਪ੍ਰਾਪਤੀ ਲਈ ਮਾਪਿਆਂ, ਜੋੜਿਆਂ ਅਤੇ ਜੋ ਬੱਚੇ ਅਤੇ ਮਹੌਲ ਦੇ ਨਜ਼ਦੀਕ ਹੋਣ ਦੀਆਂ ਕੋਸ਼ਿਸ਼ਾਂ ਜ਼ਿੰਮੇਵਾਰ ਹਨ ।

(2) ਭਾਸ਼ਾ ਮਹਿਜ਼ ਉਨ੍ਹਾਂ ਮਨੁੱਖਾਂ ਅਤੇ ਸਿਰਫ਼ ਮਨੁੱਖ ਲਈ ਅਦੁੱਤੀ ਹੈ, ਜੋ ਭਾਸ਼ਾ ਨੂੰ ਬੋਲ ਸਕਦਾ ਹੈ ।

(3) ਭਾਸ਼ਾ ਦੀ ਫੈਕਲਟੀ ਸੰਜੀਦਾ ਅਭਿਆਸ ਅਤੇ ਡਰਿਲਿੰਗ ਰਾਹੀਂ ਬੱਚਿਆਂ ਵਿਚ ਭਾਸ਼ਾ ਨੂੰ ਧਾਰਨ ਕਰਨ ਦੇ ਯੋਗ ਬਣਾਉਣ ਲਈ ਅਰਪਿਤ ਹੁੰਦੀ ਹੈ ।

(4) ਭਾਸ਼ਾ ਦੀ ਫੈਕਲਟੀ ਹੀ ਬੱਚਿਆਂ ਲਈ ਭਾਸ਼ਾ ਦੀ ਉਤਪਤੀ ਅਤੇ ਉਨ੍ਹਾਂ ਵਿਚ ਭਾਸ਼ਾ ਦੀ ਪ੍ਰਾਪਤੀ ਲਈ ਜ਼ਿੰਮੇਵਾਰ ਹੈ ।

**138.** ਹੇਠ ਲਿਖਿਆਂ ਵਿੱਚੋਂ ਕਿਹੜਾ ਅਭਿਆਸ ਬੌਟਸ-ਅੱਪ ਸ਼੍ਰਵਣ ਹੈ ?

(1) ਆਦੇਸ਼, ਨਜ਼ਦੀਕੀ ਸ਼੍ਰਵਣ, ਬਹੁ-ਵਿਕਲਪੀ ਪ੍ਰਸ਼ਨਾਂ ਦੀ ਵਰਤੋਂ, ਹਾਂ-ਪੱਖੀ ਅਤੇ ਨਾਂਹ ਪੱਖੀ ਕਥਨਾਂ ਦੀ ਪਛਾਣ ਕਰਨੀ ।

(2) ਸੰਖੇਪ ਕਰਨਾ, ਸਮੁੱਚੇ ਸੰਦੇਸ਼ ਨੂੰ ਸੁਣਨਾ ਅਤੇ ਪਿਛੋਕੜ ਵਾਲੇ ਗਿਆਨ ਨੂੰ ਲਾਗੂ ਕਰਨਾ ।

(3) ਜਿਵੇਂ ਕੋਈ ਸੁਣਦਾ ਹੈ ਉਨ੍ਹਾਂ ਮਿਲੇ-ਜੁਲੇ ਸ਼ਬਦਾਂ ਨੂੰ ਦੁਬਾਰਾ ਵਾਕਾਂ ਵਿਚ ਵਿਵਸਥਿਤ ਕਰਨਾ ।

(4) ਕਵਿਤਾ ਸੁਣਾਉਣੀ, ਬਿਨਾਂ ਤਿਆਰੀ ਤੋਂ ਭਾਸ਼ਣ, ਬਹਿਸ ਅਤੇ ਚਰਚਾਵਾਂ ।

**139.** ਭਾਸ਼ਾ ਦੇ ਅਧਿਆਪਨ ਵਿਚ '' ਸਾਮੱਗਰੀਆਂ ਦੇ ਅਧਿਆਪਕੀ ਅਹਿਸਾਸ'' ਦਾ ਕੀ ਅਰਥ ਹੈ ?

(1) ਭਾਸ਼ਾ ਦੇ ਅਧਿਆਪਨ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਅਭਿਆਸ ਅਤੇ ਕਾਰਜ ਨੂੰ ਸੁਨਿਯੋਜਿਤ ਕਰਨਾ ।

(2) ਅਧਿਆਪਕ ਨੂੰ ਅਧਿਐਨ ਵਿਧੀ ਅਪਨਾਉਣ ਦੇ ਯੋਗ ਬਣਾਉਣ ਲਈ ਸਾਮੱਗਰੀਆਂ ਵਿਚ ਅਧਿਐਨ ਵਿਧੀ ਨੂੰ ਸੁਨਿਯੋਜਿਤ ਕਰਨਾ ।

(3) ਜਮਾਤ ਵਿਚ ਅਧਿਆਪਕ ਨੂੰ ਅਧਿਐਨ ਵਿਧੀ ਸਮਝਣ ਦੇ ਯੋਗ ਬਣਾਉਣਾ ।

(4) ਜਮਾਤ ਵਿਚ ਵਰਤੋਂ ਲਈ ਵੱਖ-ਵੱਖ ਅਧਿਆਪਕੀ ਯੋਜਨਾਵਾਂ ਨੂੰ ਦਰਜ ਕਰਨਾ ।

Prepp
Your Personal Exams Guide

**140.** ਸਕੂਲ ਵਿਚ ਸਾਰੇ ਸਿਖਿਆਰਥੀ ਮਾਂ-ਬੋਲੀ ਵਿਚ ਆਪਣੀ ਪੜ੍ਹਾਈ ਕਰਦੇ ਹਨ ਅਤੇ ਸਕੂਲ ਵਿਚ ਅੱਗੇ ਵਧਦੇ ਹੋਏ ਕਈ ਭਾਸ਼ਾਵਾਂ ਸਿੱਖਦੇ ਹਨ। ਇਸ ਨੂੰ ਸਿੱਖਿਆ ਨੀਤੀ ਵਿਚ ਭਾਸ਼ਾ ਵਜੋਂ ਕਿਵੇਂ ਜਾਣਿਆ ਜਾਂਦਾ ਹੈ ?

(1) ਸਿੱਖਿਆ ਨੀਤੀ ਵਿਚ ਸਭਿਆਚਾਰ ਉਚੇਚ ਵਾਲੀ ਭਾਸ਼ਾ

(2) ਸਕੂਲੀ ਸਿੱਖਿਆ ਲਈ ਤ੍ਰੈਭਾਸ਼ੀ ਫਾਰਮੂਲਾ

(3) ਭਾਸ਼ਾ ਸਿੱਖਿਆ ਲਈ ਆਧਾਰ ਵਜੋਂ ਮਾਂ

(4) ਮਾਂ-ਬੋਲੀ ਆਧਾਰਿਤ ਬਹੁ-ਭਾਸ਼ਾਵਾਦ

**141.** ਸੰਧਿਆ ਕੁੱਝ ਸੂਚਨਾ ਲੱਭਣ ਲਈ ਮਸ਼ੀਨ ਲਰਨਿੰਗ ਉੱਤੇ ਇਕ ਆਰਟੀਕਲ ਪੜ੍ਹਦੀ ਹੈ। ਉਸ ਦੇ ਪੜ੍ਹਨ ਨੂੰ ਕੀ ਕਿਹਾ ਜਾਂਦਾ ਹੈ ?

(1) ਗਲਾਸਿੰਗ (2) ਰੀਵਿਊਇੰਗ (3) ਸਕਿਮਿੰਗ (4) ਸਕੈਨਿੰਗ

**142.** ਹੇਠ ਲਿਖੇ ਕਾਰਜ ਨੂੰ ਕੀ ਕਿਹਾ ਜਾਂਦਾ ਹੈ ?

ਛੋਟੀ ਟੈਕਸਟ ਦਾ ਇਕ ਪੀਸ ਦੋ ਵੱਖ-ਵੱਖ ਟੁਕੜਿਆਂ ਵਿਚ ਬਣਾਇਆ ਗਿਆ ਹੈ ਜਾਂ ਹਰੇਕ ਵਿਕਲਪਿਕ ਵਾਕ ਨੂੰ ਇਕ ਜੋੜੇ ਨੂੰ ਦਿੱਤਾ ਜਾਂਦਾ ਹੈ ਅਤੇ ਹਰੇਕ ਸਿਖਿਆਰਥੀ ਦੂਜੇ ਨੂੰ ਲਿਖਾਉਂਦਾ ਹੈ ਅਤੇ ਦੂਜਾ ਲਿਖਦਾ ਹੈ। ਇਸ ਪ੍ਰਕਿਰਿਆ ਨੂੰ ਦੂਜੇ ਵਿਅਕਤੀ ਨੂੰ ਸੁਣਾਉਣ ਅਤੇ ਲਿਖਣ ਯੋਗ ਬਣਾਉਣ ਲਈ ਉਲਟਾਇਆ ਜਾਂਦਾ ਹੈ ਅਤੇ ਮਗਰੋਂ ਉਹ ਸਮੁੱਚੀ ਟੈਕਸਟ ਨੂੰ ਅੰਤਿਮ ਰੂਪ ਦੇਣ ਲਈ ਮਿਲ ਕੇ ਕੰਮ ਕਰ ਸਕਦੇ ਹਨ।

(1) ਅੰਤਰਕਿਰਤ (ਟ੍ਰਾਂਸਕਰੀਏਸ਼ਨ) (2) ਪੈਰਾਗ੍ਰਾਫ਼ ਡਿਕਟੇਸ਼ਨ

(3) ਪਰਸਪਰ ਡਿਕਟੇਸ਼ਨ (4) ਵਿਆਕਰਨ ਡਿਕਟੇਸ਼ਨ

**143.** 'ਸਿਖਲਾਈ ਅਰਥ ਦੀ ਇਕ ਖੋਜ ਹੈ। ਇਸ ਲਈ ਸਿਖਲਾਈ ਉਨ੍ਹਾਂ ਮੁੱਦਿਆਂ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਹੈ, ਜਿਸਦੇ ਦੁਆਲੇ ਸਿਖਿਆਰਥੀ ਸਰਗਰਮੀ ਨਾਲ ਅਰਥ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।'

ਕਿਹੜਾ ਸਿੱਖਿਆ ਦਰਸ਼ਨ ਉਪਰੋਕਤ ਵਿਚਾਰ ਦਾ ਸਮੱਰਥਣ ਕਰਦਾ ਹੈ ?

(1) ਵਿਵਹਾਰਵਾਦ (2) ਰਚਨਾਤਮਿਕਤਾਵਾਦ (3) ਬਹੁ-ਪੱਖੀ ਗਿਆਨ (4) ਸੰਰਚਨਾਵਾਦ

**144.** 'ਰੂਪ ਆਧਾਰਿਤ ਭਾਸ਼ਾ ਇਨਪੁਟਸ' ਤੋਂ ਕੀ ਭਾਵ ਹੈ ?

(1) ਭਾਸ਼ਾ ਦੀ ਸਿਖਲਾਈ ਲਈ ਇਨਪੁਟਸ ਦਾ ਅਰਥ।

(2) ਸ਼ਬਦਾਵਲੀ, ਉਚਾਰਨ ਅਤੇ ਵਿਆਕਰਨ ਦੀ ਵਰਤੋਂ।

(3) ਇਨਪੁਟਸ ਜੋ ਸੂਚਨਾ ਉੱਤੇ ਕੇਂਦ੍ਰਿਤ ਹਨ।

(4) ਲਿਖਣਾ ਸਿੱਖਣ ਲਈ ਇਨਪੁਟਸ ਦੀ ਸੰਭਾਵਨਾ।

**145.** ਹੇਠ ਲਿਖਿਆਂ ਵਿੱਚੋਂ ਕਿਹੜਾ 'ਸਿਖਲਾਈ ਦਾ ਮੁਲਾਂਕਣ' ਹੈ ?

(1) ਅਧਿਐਨ-ਅਧਿਆਪਨ ਦੀ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਅਤੇ ਇਸ ਵਿਚ ਸੁਧਾਰ ਲਿਆਉਣ ਲਈ ਬਣਾਇਆ ਗਿਆ ਮੁਲਾਂਕਣ।

(2) ਸਾਲ ਦੇ ਅਖੀਰ ਵਿਚ ਵਿਦਿਆਰਥੀਆਂ ਦੀ ਪ੍ਰਗਤੀ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਪ੍ਰਮੋਟ ਕਰਨ ਉੱਤੇ ਵਿਚਾਰ ਕਰਨ ਲਈ ਬਣਾਇਆ ਗਿਆ ਮੁਲਾਂਕਣ।

(3) ਇਕ ਖ਼ਾਸ ਪੱਧਰ ਉੱਤੇ ਸਿਖਿਆਰਥੀਆਂ ਦੀ ਪ੍ਰਾਪਤੀ ਦਾ ਪਤਾ ਲਗਾਉਣ ਲਈ ਰਾਜ/ਸਰਕਾਰ ਵੱਲੋਂ ਬਣਾਇਆ ਗਿਆ ਮੁਲਾਂਕਣ।

(4) ਹਰੇਕ ਟਰਮ ਦੇ ਅਖੀਰ ਉੱਤੇ ਵਿਦਿਆਰਥੀਆਂ ਦੀ ਪ੍ਰਾਪਤੀ ਦੀ ਨਿਗਰਾਨੀ ਕਰਨ ਲਈ ਬਣਾਇਆ ਗਿਆ ਮੁਲਾਂਕਣ।

Prepp
Your Personal Exams Guide

**146.** ਉਸਾਰੂ ਸ਼ਬਦਾਵਲੀ ਕੀ ਹੈ ?

(1) ਲਿਖਣ ਅਤੇ ਬੋਲਣ ਵਿਚ ਸਾਡੇ ਵੱਲੋਂ ਵਰਤੇ ਜਾਂਦੇ ਸ਼ਬਦ ।

(2) ਉਹ ਸ਼ਬਦ ਜਿਨ੍ਹਾਂ ਦੀ ਅਸੀਂ ਸੁਣਨ ਸਮੇਂ ਪਛਾਣ ਕਰਦੇ ਹਾਂ ।

(3) ਉਹ ਸ਼ਬਦ ਜਿਨ੍ਹਾਂ ਦੀ ਪਛਾਣ ਕਰਨ ਵਿਚ ਅਸੀਂ ਅਸਫ਼ਲ ਰਹਿੰਦੇ ਹਾਂ ।

(4) ਉਹ ਸ਼ਬਦ ਜੋ ਸੁਣਨ ਸਮੇਂ ਸਾਨੂੰ ਯਾਦ ਆ ਸਕਦੇ ਹਨ ।

**147.** ਤੁਸੀਂ, ਹੇਠ ਲਿਖਿਆਂ ਵਿਚੋਂ ਕਿਹੜੇ ਕਥਨ ਦੀ ਕਵਿਤਾ ਦੇ ਅਧਿਐਨ-ਅਧਿਆਪਨ ਲਈ ਹਮਾਇਤ ਨਹੀਂ ਕਰਦੇ ?

(1) ਕਵਿਤਾ, ਸਿਖਿਆਰਥੀਆਂ ਦੀ ਕਲਪਨਾ ਦੇ ਅਭਿਆਸ ਲਈ ਹੈ ।

(2) ਕਵਿਤਾ, ਭਾਸ਼ਾ ਨਾਲ ਕੰਮ ਕਰਨ ਲਈ ਹੈ ।

(3) ਕਵਿਤਾ, ਆਨੰਦ ਲਈ ਹੈ ।

(4) ਕਵਿਤਾ, ਵਿਆਕਰਨ ਦੇ ਅਧਿਆਪਨ ਲਈ ਹੈ ।

**148.** ਵੱਖ-ਵੱਖ ਵਿਸ਼ਿਆਂ ਦੇ ਖੇਤਰਾਂ ਵਿਚ ਜਮਾਤ ਵਿਚ ਭਾਸ਼ਾ ਵਰਤੀ ਜਾਂਦੀ ਹੈ, ਕਿਉਂਕਿ ਅਧਿਆਪਕ ਪੇਸ਼ ਕਰ ਰਿਹਾ ਹੈ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰ ਰਿਹਾ ਹੈ । ਭਾਸ਼ਾ ਦੇ ਇਸ ਕੌਸ਼ਲ ਨੂੰ ਕੀ ਕਿਹਾ ਜਾਂਦਾ ਹੈ ?

(1) ਮੁੱਢਲੇ ਪਰਸਪਰ ਸੰਚਾਰ ਕੌਸ਼ਲ (2) ਅਸਲੀ-ਜੀਵਨ ਦੇ ਮਕਸਦਾਂ ਲਈ ਭਾਸ਼ਾ

(3) ਭਾਸ਼ਾ ਰਜਿਸਟਰ (4) ਸਹਿਜ ਗਿਆਨ ਅਕਾਦਮਿਕ ਭਾਸ਼ਾ ਪ੍ਰਬੀਨਤਾ

**149.** ਹੇਠ ਲਿਖੇ ਕਥਨ ਵਿਚ ਕਿਸ ਪ੍ਰਕਾਰ ਦੇ ਵਿਆਕਰਨ ਦੇ ਗਿਆਨ ਦਾ ਭਾਵ ਹੈ ?

ਇਕ ਸੀਮਿਤ ਮਾਤਰਾ ਵਿਚ ਰੂਪ, ਇਸਦੀ ਵਿਆਖਿਆ ਕਰਨਾ ਅਤੇ ਇਸ ਨੂੰ ਲਾਗੂ ਕਰਨ ਬਾਰੇ ਗਿਆਨ ।

(1) ਯੋਗਤਾ (2) ਪੈਰਾਬੌਧਿਕ ਗਿਆਨ

(3) ਪ੍ਰਕਿਰਿਆਤਮਕ ਗਿਆਨ (4) ਬਿਆਨੀਆ ਗਿਆਨ

**150.** ਹੇਠ ਲਿਖੇ ਅਭਿਆਸ ਵਿਚ ਕੀ ਸ਼ਾਮਿਲ ਹੈ ?

ਸਿਖਿਆਰਥੀਆਂ ਨੂੰ ਹੋਟਲ ਦਾ ਇਕ ਮੀਨੂੰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੇ ਚਾਰ ਲੋਕਾਂ ਲਈ 1800 ਰੁਪਏ ਦੀ ਖਾਣੇ ਦਾ ਆਰਡਰ ਕਰਨਾ ਹੈ । ਇਕ ਸ਼ਾਕਾਹਾਰੀ ਹੈ ਅਤੇ ਦੂਜਾ ਖੁੰਭਾਂ ਨੂੰ ਪਸੰਦ ਨਹੀਂ ਕਰਦਾ । ਉਨ੍ਹਾਂ ਨੇ ਘਰ ਵਾਪਸ ਜਾਣ ਲਈ ਆਟੋ ਰਿਕਸ਼ਾ ਵਾਸਤੇ 70 ਰੁਪਏ ਰੱਖਣੇ ਹਨ । ਸਿਖਿਆਰਥੀ, ਉਹ ਕੀ ਆਰਡਰ ਦੇਣ, ਉਹਨਾਂ ਦੀ ਪਹਿਲ ਕੀ ਹੈ ਅਤੇ ਹੋਸਟਲ ਵਾਪਸ ਜਾਣ ਲਈ ਪੈਸੇ ਰੱਖਣ ਬਾਰੇ ਗੱਲਾਂ ਕਰ ਰਹੇ ਹਨ ।

(1) ਉੱਚ ਦਰਜੇ ਦੇ ਚਿੰਤਨ ਕੌਸ਼ਲ (2) ਸਟੱਡੀ-ਇਨਗੇਜ-ਰਿਫਲੈਕਟ-ਯੂਜ਼ (ਭਾਸ਼ਾ)

(3) ਬੌਧਿਕ ਯੋਜਨਾਵਾਂ (4) ਪ੍ਰੈਜ਼ੈਂਟ ਪ੍ਰੈਕਟਿਸ ਪ੍ਰੋਡਿਊਸ

- o 0 o -

SPACE FOR ROUGH WORK

Your Personal Exam Guide

Prepp
Your Personal Exams Guide

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਵੱਖੋ-ਵੱਖਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ OMR ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ OMR ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ OMR ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ OMR ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/OMR ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆ ਰੱਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ OMR ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਤਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੇ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਤਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ OMR ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦੇ ਅੰਗੂਠੇ ਦੇ ਨਿਸ਼ਾਨ ਨੂੰ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਜ਼ਰੂਰ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾਂ ਦੀ ਪਾਲਣਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ OMR ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

Prepp
Your Personal Exams Guide

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस OMR उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक OMR उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं OMR उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं OMR उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/OMR उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी के विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना OMR उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने OMR उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और OMR उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व OMR उत्तर पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the OMR Answer Sheet is not folded. Do not make any stray marks on the OMR Answer Sheet. Do not write your Roll No. anywhere else except in the specified space in the OMR Answer Sheet.
4. Handle the Test Booklet and OMR Answer Sheet with care, as under no circumstances (except for discrepancy in Test Booklet Code or Number and OMR Answer Sheet Code or Number), another set will be provided.
5. The candidates will write the correct Test Booklet Code and Number as given in the Test Booklet/OMR Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their OMR Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the OMR Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and OMR Answer Sheet shall be detached under any circumstances.
15. **On completion of the test, the candidate must hand over the OMR Answer Sheet to the Invigilator in the Hall / Room.** ***The candidates are allowed to take away this Test Booklet with them.***